ਦਫ਼ਤਰ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਗੁਰਦਾਸਪੁਰ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੁਡੀਸ਼ੀਅਲ ਕੋਰਟ ਕੰਪਲੈਕਸ, ਗੁਰਦਾਸਪੁਰ ਅਤੇ ਬਟਾਲਾ ਵਿਖੇ ਫੋਟੋ ਸਟੇਟ, ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ, ਅਸ਼ਟਾਮ ਫਰੋਸ਼, ਕੰਟੀਨ, ਪਾਰਕਿੰਗ ਆਦਿ ਦਾ ਠੇਕਾ ਵਿੱਤੀ ਸਾਲ 2026-27 ਲਈ ਨਿਲਾਮੀ ਕਰਨ ਲਈ ਖੁੱਲ੍ਹੀ ਬੋਲੀ ਮਿਤੀ 19.03.2026 ਨੂੰ ਸਵੇਰੇ 11.30 ਵਜੇ ਸਰਵਿਸ ਬਲਾਕ ਜੁਡੀਸ਼ੀਅਲ ਕੋਰਟ ਕੰਪਲੈਕਸ, ਗੁਰਦਾਸਪੁਰ ਅਤੇ 19.03.2026 ਨੂੰ ਬਾਅਦ ਦੁਪਿਹਰ 03.30 ਵਜੇ ਨਿਊ ਜੁਡੀਸ਼ੀਅਲ ਕੋਰਟ ਕੰਪਲੈਕਸ, ਬਟਾਲਾ ਵਿਖੇ ਕੀਤੀ ਜਾਵੇਗੀ। ਸਾਈਟਾਂ ਦੀ ਜਗ੍ਹਾ ਦਾ ਮੁਆਇਨਾ ਬੋਲੀ ਸ਼ੁਰੂ ਹੋਣ ਤੋਂ 2 ਘੰਟੇ ਪਹਿਲਾਂ ਕਰਵਾ ਦਿੱਤਾ ਜਾਵੇਗਾ।

ਬੋਲੀ ਮੰਨਜ਼ੂਰ ਹੋਣ ਵਾਲੇ ਵਿਅਕਤੀ ਨੂੰ ਕੁੱਲ ਬੋਲੀ ਦਾ 1/4 ਹਿੱਸਾ ਚੈੱਕ/ਕੈਸ਼ ਰਾਹੀਂ ਮੌਕੇ ਤੇ ਜ਼ਮ੍ਹਾਂ ਕਰਵਾਉਂਣਾ ਹੋਵੇਗਾ ਅਤੇ ਬਾਕੀ ਰਹਿੰਦੀ ਰਕਮ ਇੱਕ ਮਹੀਨੇ ਦੇ ਅੰਦਰ ਮਿਤੀ 30.04.2026 ਤੱਕ ਜ਼ਮ੍ਹਾਂ ਕਰਵਾਉਂਣੀ ਹੋਵੇਗੀ। ਉਕਤ ਵਿਆਕਤੀ ਬੋਲੀ ਦੇ ਸਮੇਂ ਆਪਣਾ ਅਧਾਰ ਕਾਰਡ ਅਤੇ ਪੈਨ ਕਾਰਡ ਨਾਲ ਲੈ ਕੇ ਆਵੇ। ਬਾਕੀ ਰਕਮ ਮਹੀਨੇ ਅੰਦਰ ਜ਼ਮ੍ਹਾਂ ਨਾ ਕਰਵਾਉਂਣ ਤੇ ਬੋਲੀ ਬਿਨਾ ਕਿਸੇ ਨੋਟਿਸ ਦੇ ਰੱਦ ਕਰ ਦਿੱਤੀ ਜਾਵੇਗੀ ਅਤੇ ਉਮੀਦਵਾਰ ਕਿਸੇ ਵੀ ਤਰ੍ਹਾਂ ਦੀ ਰਿਕਵਰੀ ਦਾ ਹੱਕਦਾਰ ਨਹੀਂ ਹੋਵੇਗਾ। ਬੋਲੀਕਾਰ ਆਪਣਾ ਐਗਰੀਮੈਂਟ ਅਸ਼ਟਾਮ ਆਪ ਬਣਾ ਕੇ ਲੈ ਕੇ ਲਿਆਏਗਾ। ਹਰ ਠੇਕੇਦਾਰ ਨੂੰ ਆਪਣਾ ਬਿਜਲੀ ਦਾ ਕਨੈਕਸ਼ਨ ਲੈਣਾ ਜ਼ਰੂਰੀ ਹੋਵੇਗਾ। ਇਸ ਦੀ ਸੂਚਨਾ 5 ਦਿਨਾਂ ਦੇ ਅੰਦਰ(ਮੀਟਰ ਨੰਬਰ ਨਾਲ) ਦੱਸੀ ਜਾਵੇ ਅਤੇ ਬਿਲ ਦੀ ਅਦਾਇਗੀ ਬਿਜਲੀ ਵਿਭਾਗ ਨੂੰ ਕਰਨ ਦਾ ਜ਼ਿਮੇਵਾਰ ਉਮੀਦਵਾਰ ਆਪ ਖੁਦ ਹੋਵੇਗਾ। ਕਿਸੇ ਵੀ ਸਾਬਕਾ ਠੇਕੇਦਰ ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ, ਉਸ ਨੂੰ ਬੋਲੀ ਦੇਣ ਦਾ ਹੱਕ ਨਹੀਂ ਹੈ। ਬੋਲੀ ਦੀਆਂ ਬਾਕੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

ਵਧੇਰੇ ਜਾਣਕਾਰੀ ਲਈ ਨਿਮਨ ਹਸਤਾਖ਼ਰ ਦੇ ਦਫ਼ਤਰ ਵਿੱਚ ਸੰਪਰਕ ਕਰ ਸਕਦੇ ਹੋ। ਠੇਕੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਬੋਲੀ ਦਾ ਸਥਾਨ	ਜਿਸ ਦਾ ਠੇਕਾ ਮੰਗਿਆ ਹੈ	ਰਾਖਵੀਂ ਰਕਮ
ਸਰਵਿਸ ਬਲਾਕ ਜੁਡੀਸ਼ੀਅਲ ਕੋਰਟ ਕੰਪਲੈਕਸ, ਗੁਰਦਾਸਪੁਰ	ਫੋਟੋ ਸਟੇਟ ਸਰਵਿਸ	15,000 ਰੁਪਏ ਪ੍ਰਤੀ ਸੀਟ
	ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ	15,000 ਰੁਪਏ ਪ੍ਰਤੀ ਸੀਟ
	ਸਟੇਸ਼ਨਰੀ/ਸਟੈਪ ਵੈਂਡਰ	15,000 ਰੁਪਏ ਪ੍ਰਤੀ ਸੀਟ
	ਕੰਟੀਨ	3,25,000 ਰੁਪਏ
	ਪਾਰਕਿੰਗ	14,00,000 ਰੁਪਏ
ਬੋਲੀ ਦਾ ਸਥਾਨ	**ਜਿਸ ਦਾ ਠੇਕਾ ਮੰਗਿਆ ਹੈ**	**ਰਾਖਵੀਂ ਰਕਮ**
ਸਰਵਿਸ ਬਲਾਕ ਜੁਡੀਸ਼ੀਅਲ ਕੋਰਟ ਕੰਪਲੈਕਸ, ਬਟਾਲਾ	ਫੋਟੋ ਸਟੇਟ ਸਰਵਿਸ	15,000 ਰੁਪਏ ਪ੍ਰਤੀ ਸੀਟ
	ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ	15,000 ਰੁਪਏ ਪ੍ਰਤੀ ਸੀਟ
	ਸਟੇਸ਼ਨਰੀ/ਸਟੈਪ ਵੈਂਡਰ	15,000 ਰੁਪਏ ਪ੍ਰਤੀ ਸੀਟ
	ਫੋਟੋ ਸਟੇਟ ਸਰਵਿਸ(ਦੁਕਾਨ ਨੰਬਰ 1)	50,000 ਰੁਪਏ
	ਕੰਪਿਊਟਰ ਰਾਈਟਰ (ਦੁਕਾਨ ਨੰਬਰ 2, 3)	50,000 ਰੁਪਏ
	ਕੰਟੀਨ	3,50,000 ਰੁਪਏ
	ਪਾਰਕਿੰਗ	10,00,000 ਰੁਪਏ

(ਹੇਮ ਅਮ੍ਰਿਤ ਮਾਹੀ)
ਸਿਵਲ ਜੱਜ(ਸੀਨੀਅਰ ਡਿਵੀਜ਼ਨ),
ਗੁਰਦਾਸਪੁਰ।